ਬੱਚੇ ਨੂੰ ਕਿਸੇ ਸੱਟ ਪੇਟ ਲੱਗਣ ਦੇ ਸੰਬੰਧ ਵਿੱਚ ਹੋਏ ਸਮਝੌਤੇ ਜਾਂ ਕਿਸੇ ਇੰਸ਼ੋਰੈਂਸ ਪਾਲਸੀ, ਸੰਪਤੀ (ਇਸਟੇਟ) ਜਾਂ ਅਦਾਲਤ ਦੇ ਹੁਕਮ ਕਾਰਨ ਹੋਈ ਅਦਾਇਗੀ ਦੀ ਰਕਮ ਬੱਚੇ ਲਈ ਟਰੱਸਟ ਵਿੱਚ ਰੱਖਣ ਲਈ Public Guardian and Trustee (ਪਬਲਿਕ ਗਾਰਡੀਅਨ ਐਂਡ ਟਰੱਸਟੀ) ਨੂੰ ਦਿੱਤੀ ਜਾਂਦੀ ਹੈ। ਇਹ ਰਕਮ ਮਿਲਣ ਬਾਅਦ Public Guardian and Trustee ਇਹ ਰਕਮ ਬੱਚੇ ਦੇ ਨਾਂ ਖੋਲ੍ਹੇ ਗਏ ਵਿਆਜ ਲੱਗਣ ਵਾਲੇ ਅਕਾਉਂਟ ਵਿੱਚ ਰੱਖਦਾ ਹੈ। ਸਮੇਂ ਸਮੇਂ ਬੱਚੇ ਦੀਆਂ ਖਾਸ ਲੋੜਾਂ ਵਿੱਚ ਮਦਦ ਕਰਨ ਲਈ ਇਸ ਦਫਤਰ ਨੂੰ ਇਸ ਅਕਾਉਂਟ ਵਿੱਚੋਂ ਪੈਸੇ ਦੇਣ ਲਈ ਕਿਹਾ ਜਾ ਸਕਦਾ ਹੈ। ਕਿਸੇ ਵੀ ਹਾਲਤ ਵਿੱਚ, ਸਾਡਾ ਦਫਤਰ ਬੱਚੇ ਦੇ ਪਰਿਵਾਰ ਜਾਂ ਅਜਿਹੀ ਭੂਮਿਕਾ ਨਿਭਾ ਰਹੇ ਦੂਸਰੇ ਲੋਕਾਂ ਨਾਲ ਮਿਲ ਕੇ ਕੰਮ ਕਰਦਾ ਹੈ।

## ਇਹ ਪੈਸੇ ਟਰੱਸਟ ਵਿੱਚ ਕਿਉਂ ਰੱਖੇ ਜਾਂਦੇ ਹਨ ਅਤੇ ਬੱਚੇ ਨੂੰ ਜਾਂ ਮਾਪਿਆਂ ਨੂੰ ਇਕਦਮ ਕਿਉਂ ਨਹੀਂ ਦਿੱਤੇ ਜਾਂਦੇ?

ਬ੍ਰਿਟਿਸ਼ ਕੋਲੰਬੀਆ ਦੇ ਕਾਨੂੰਨ ਦੀ ਸ਼ਰਤ ਹੈ ਕਿ 19 ਸਾਲਾਂ ਤੋਂ ਘੱਟ ਉਮਰ ਦੇ ਕਿਸੇ ਵਿਅਕਤੀ ਨੂੰ ਮਿਲੇ ਪੈਸੇ ਉਨੀ ਦੇਰ ਤੱਕ ਟਰੱਸਟ ਵਿੱਚ ਰੱਖੇ ਜਾਣ ਜਿੰਨੀ ਦੇਰ ਤੱਕ ਉਹ ਬਾਲਗ ਨਹੀਂ ਹੋ ਜਾਂਦਾ/ਜਾਂਦੀ। ਇਸ ਨਾਲ ਬੱਚੇ ਦੇ ਮਾਇਕ ਹਿਤਾਂ ਦੀ ਸੁਰੱਖਿਆ ਹੁੰਦੀ ਹੈ।

## ਇਹ ਪੈਸੇ ਕਿਸ ਤਰ੍ਹਾਂ ਇਨਵੈਸਟ ਕੀਤੇ ਜਾਂਦੇ ਹਨ?

ਬੱਚੇ ਦੇ ਪੈਸੇ *Public Guardian and Trustee Act (ਪਬਲਿਕ ਗਾਰਡੀਅਨ ਐਂਡ ਟਰੱਸਟੀ ਐਕਟ)* ਵਿੱਚ ਨਿਸ਼ਚਿਤ ਨਿਯਮਾਂ ਅਨੁਸਾਰ ਇਨਵੈਸਟ ਕੀਤੇ ਜਾਂਦੇ ਹਨ। ਹੋਈ ਆਮਦਨ ਬੱਚੇ ਦੇ ਟਰੱਸਟ ਅਕਾਉਂਟ ਵਿੱਚ ਪਾ ਦਿੱਤੀ ਜਾਂਦੀ ਹੈ।

## Public Guardian and Trustee ਵਲੋਂ ਰੋਜ਼ਾਨਾ ਪੱਧਰ ਉੱਤੇ ਕਿਸ ਤਰ੍ਹਾਂ ਸੇਵਾਵਾਂ ਦਿੱਤੀਆਂ ਜਾਂਦੀਆਂ ਹਨ?

ਹਰ ਇਕ ਟਰੱਸਟ ਅਕਾਉਂਟ ਦਾ ਪ੍ਰਬੰਧ Gurardianship and Trust Officer (ਗਾਰਡੀਅਨਸ਼ਿੱਪ ਐਂਡ ਟਰੱਸਟ ਅਫਸਰ) ਵਲੋਂ ਕੀਤਾ ਜਾਂਦਾ ਹੈ। ਲੋੜ ਪੈਣ ਸਮੇਂ ਇਹ ਲੋਕ ਬੱਚੇ ਅਤੇ ਉਸ ਦੇ ਪਰਿਵਾਰ ਦੀ ਮਦਦ ਕਰਨ ਲਈ ਹਾਜ਼ਰ ਹੁੰਦੇ ਹਨ।

## ਕੀ Public Guardian and Trustee ਦੀਆਂ ਸੇਵਾਵਾਂ ਦੀ ਕੋਈ ਫੀਸ ਵੀ ਹੈ??

ਹਾਂ। ਦੂਸਰੇ ਟਰੱਸਟੀਆਂ ਵਾਂਗ ਹੀ Public Guardian and Trustee ਵੀ ਟਰੱਸਟ ਦੀ ਕੀਮਤ ਅਤੇ ਟਰੱਸਟ ਨੂੰ ਹੋਈ ਆਮਦਨ ਦੇ ਆਧਾਰ ਉੱਤੇ ਫੀਸ ਲੈਂਦਾ ਹੈ।

## ਇਹ ਟਰੱਸਟ ਫੰਡਾਂ ਦੇ ਪੈਸੇ ਕਦੋਂ ਅਦਾ ਕੀਤੇ ਜਾਂਦੇ ਹਨ?

ਟਰੱਸਟ ਵਿੱਚ ਰੱਖੇ ਪੈਸੇ ਵਿਅਕਤੀ ਨੂੰ 19 ਸਾਲ ਦਾ ਹੋਣ ਉੱਤੇ ਦੇ ਦਿੱਤੇ ਜਾਂਦੇ ਹਨ, ਜੇ ਅਦਾਲਤ ਪੈਸਿਆਂ ਨੂੰ ਜ਼ਿਆਦਾ ਦੇਰ ਰੱਖਣ ਦਾ ਹੁਕਮ ਨਾ ਦੇ ਦੇਵੇ। ਜਦੋਂ ਬੱਚਾ 19 ਸਾਲ ਦੀ ਉਮਰ ਦੇ ਨੇੜੇ ਪਹੁੰਚੇਗਾ ਤਾਂ Public Guardian and Trustee ਵਿਅਕਤੀ ਨਾਲ ਸੰਪਰਕ ਕਰੇਗਾ ਅਤੇ ਪੈਸੇ ਦੇਣ ਲਈ ਭਰੇ ਜਾਣ ਵਾਲੇ ਲੋੜੀਂਦੇ ਫਾਰਮ ਉਸ ਨੂੰ ਭੇਜੇਗਾ।

## ਤੁਸੀਂ ਇਹ ਕਿਵੇਂ ਯਕੀਨੀ ਬਣਾ ਸਕਦੇ ਹੋ ਕਿ Public Guardian and Trustee ਤੁਹਾਡੇ ਨਾਲ ਸੰਪਰਕ ਕਰੇ?

ਇਹ ਯਕੀਨੀ ਬਣਾਉ ਕਿ Public Guardian and Trustee ਕੋਲ ਤੁਹਾਡਾ ਤਾਜ਼ਾ ਪਤਾ ਹੋਵੇ ਅਤੇ ਜੇ ਤੁਸੀਂ ਆਪਣਾ ਪਤਾ ਜਾਂ ਆਪਣਾ ਫੋਨ ਨੰਬਰ ਬਦਲੋ ਤਾਂ ਇਸ ਬਾਰੇ Public Guardian and Trustee ਦੇ ਦਫਤਰ ਨੂੰ ਸੂਚਿਤ ਕਰੋ।

## ਜੇ ਤੁਹਾਡੇ ਕੋਲ ਸਾਡੇ ਲਈ ਕੋਈ ਸਵਾਲ ਹੋਵੇ ਤਾਂ ਸੰਪਰਕ ਕਰੋ:

Child and Youth Services Division
(ਚਾਇਲਡ ਐਂਡ ਯੂਥ ਸਰਵਿਸਜ਼ ਡਿਵੀਜ਼ਨ)
Public Guardian and Trustee
ਫੋਨ (604) 775-3480 ਜਾਂ ਫੈਕਸ (604) 775-2429
ਸਾਡਾ ਵੈੱਬਸਾਈਟ www. trustee.bc.ca ਦੇਖੋ।

## ਸਾਡੀ ਸਹਾਇਤਾ ਲੈਣਾ

ਇਹ ਬਰੋਸ਼ਰ ਬ੍ਰਿਟਿਸ਼ ਕੋਲੰਬੀਆ ਦੇ Public Guardian and Trustee ਵਲੋਂ ਪ੍ਰਕਾਸ਼ਤ ਕੀਤਾ ਗਿਆ ਹੈ। ਇਹ ਦਫਤਰ ਸੂਬਾਈ ਕਾਨੂੰਨਾਂ ਅਧੀਨ ਉਹਨਾਂ ਲੋਕਾਂ ਦੇ ਕਾਨੂੰਨੀ ਹੱਕਾਂ ਅਤੇ ਮਾਇਕ ਹਿਤਾਂ ਦੀ ਸੁਰੱਖਿਆ ਲਈ ਕੰਮ ਕਰਦਾ ਹੈ ਜੋ ਆਪਣੀ ਸੁਰੱਖਿਆ ਆਪ ਨਹੀਂ ਕਰ ਸਕਦੇ, ਇਹਨਾਂ ਲੋਕਾਂ ਵਿੱਚ ਬੱਚੇ, ਅਸੁਰੱਖਿਅਤ ਬਾਲਗ ਅਤੇ ਮਾਰੇ ਗਏ ਜਾਂ ਲਾਪਤਾ ਵਿਅਕਤੀ ਸ਼ਾਮਲ ਹਨ।

ਹੋਰ ਜਾਣਕਾਰੀ ਲਈ ਜਾਂ Public Guardian and Trustee ਵਲੋਂ ਮਿਲਣ ਵਾਲੀਆਂ ਹੋਰ ਪ੍ਰਕਾਸ਼ਨਾਵਾਂ ਲੈਣ ਲਈ, ਕ੍ਰਿਪਾ ਕਰਕੇ ਸਾਡੇ ਨਾਲ ਸੰਪਰਕ ਕਰੋ:


THE PUBLIC GUARDIAN AND
TRUSTEE OF BRITISH COLUMBIA
700-808 West Hastings Street
Vancouver B.C. V6C 3L3

**ਟੈਲੀਫੋਨ:** (604) 660-4444
**ਫੈਕਸ:** (604) 775-0207
**ਈਮੇਲ:** mail@trustee.bc.ca
ਸਾਡਾ ਵੈੱਬਸਾਈਟ www.trustee.bc.ca ਦੇਖੋ।


PUBLIC GUARDIAN
AND TRUSTEE OF
BRITISH COLUMBIA

[Punjabi] - Mar 2008

# Money Held In Trust For A Child

# ਬੱਚੇ ਲਈ ਟਰੱਸਟ ਵਿੱਚ ਰੱਖੇ ਗਏ ਪੈਸੇ

PUBLIC GUARDIAN
AND TRUSTEE OF
BRITISH COLUMBIA